**ਨੀਤੀ ਦਾ ਗੈਰ-ਪੱਖਪਾਤੀ ਕਥਨ (Nondiscrimination Statement of Policy)**

ਪ੍ਰਾਂਤਕ ਅਤੇ ਸੰਘੀ ਸਿਵਲ ਰਾਈਟਸ (ਨਾਗਰਿਕ ਅਧਿਕਾਰ) ਕਾਨੂੰਨਾਂ ਦੇ ਅਨੁਪਾਲਣ ਵਿੱਚ, ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਏਜੰਸੀ (Santa Clara Valley Transportation Agency) (VTA) ਯਕੀਨੀ ਬਣਾਉਂਦੀ ਹੈ ਕਿ ਕਿਸੇ ਵੀ ਵਿਅਕਤੀ ਨੂੰ ਜਾਤ, ਰੰਗ, ਧਰਮ, ਰਾਸ਼ਟਰੀ ਮੂਲ, ਨੈਤਿਕ ਸਮੂਹ ਦੀ ਪਛਾਣ, ਧਰਮ, ਉਮਰ, ਅਪੰਗਤਾ, ਲਿੰਗ, ਲਿੰਗਕ ਰੂਪਾਂਤਰ, ਜਾਂ ਆਣੂਵੰਸ਼ਕ ਜਾਣਕਾਰੀ ਦੇ ਆਧਾਰਾਂ ਉੱਤੇ VTA ਦੁਆਰਾ ਚਲਾਏ ਗਏ ਸਾਰੇ ਪ੍ਰੋਗਰਾਮਾਂ, ਸੇਵਾਵਾਂ ਜਾਂ ਸਰਗਰਮੀਆਂ ਵਿੱਚ ਭਾਗੀਦਾਰੀ ਤੋਂ ਬਾਹਰ ਨਹੀਂ ਕੱਢਿਆ ਜਾਵੇਗਾ, ਇਸਦੇ ਫਾਇਦਿਆਂ ਜਾਂ ਸੇਵਾਵਾਂ ਲਈ ਇਨਕਾਰ ਨਹੀਂ ਕੀਤਾ ਜਾਵੇਗਾ, ਜਾਂ ਕਿਸੇ ਹੋਰ ਤਰੀਕੇ ਵਿੱਚ ਪੱਖਪਾਤ ਦਾ ਸ਼ਿਕਾਰ ਨਹੀਂ ਬਣਾਇਆ ਜਾਵੇਗਾ।

**ਅਪੰਗਤਾਵਾਂ ਵਾਲੇ ਅਮਰੀਕੀਆਂ ਦੇ ਕਾਨੂੰਨ (Americans with Disabilities Act) ਤਹਿਤ ਨੋਟਿਸ**
**ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਏਜੰਸੀ (Santa Clara Valley Transportation Agency)**

1990 ਦੇ ਅਪੰਗਤਾਵਾਂ ਵਾਲੇ ਅਮਰੀਕੀਆਂ ਦੇ ਕਾਨੰਨ (Americans with Disabilities Act) ("ADA") ਦੀਆਂ ਜ਼ਰ ਰਤਾਂ ਦੇ ਮੁਤਾਬਕ, ਸੈਂਟਾ ਕਲੈਰਾ ਵੈਲੀ ਟਰਾਂਸਪੋਰਟੇਸ਼ਨ ਏਜੰਸੀ (Santa Clara Valley Transportation Agency) (VTA) ਆਪਣੀਆਂ ਸੇਵਾਵਾਂ, ਪ੍ਰੋਗਰਾਮਾਂ ਜਾਂ ਸਰਗਰਮੀਆਂ ਵਿੱਚ ਅਪੰਗਤਾ ਦੇ ਆਧਾਰ ਉੱਤੇ ਅਪੰਗਤਾਵਾਂ ਵਾਲੇ ਪਾਤਰ ਵਿਅਕਤੀਆਂ ਦੇ ਖਿਲਾਫ਼ ਪੱਖਪਾਤ ਨਹੀਂ ਕਰੇਗੀ।

**ਰੋਜ਼ਗਾਰ:** VTA ਆਪਣੇ ਕੰਮ 'ਤੇ ਰੱਖਣ ਜਾਂ ਰੋਜ਼ਗਾਰ ਅਭਿਆਸਾਂ ਵਿੱਚ ਅਪੰਗਤਾ ਦੇ ਆਧਾਰ ਉੱਤੇ ਪੱਖਪਾਤ ਨਹੀਂ ਕਰਦੀ ਅਤੇ ਯ .ਐਸ. ਦੇ ਈਕਵਿਲ ਇਮਪਲਾਇਮੈਂਟ ਅਪਰਚਿਊਨਿਟੀ ਕਮਿਸ਼ਨ (Equal Employment Opportunity Commission) ਦੁਆਰਾ ਐਲਾਨ ਕੀਤੇ ਸਾਰੇ ਅਧਿਨਿਯਮਾਂ ਦਾ ਪਾਲਣ ਕਰਦੀ ਹੈ।

**ਪ੍ਰਭਾਵੀ ਸੰਚਾਰ:** VTA ਸਾਧਾਰਨ ਤੌਰ ਤੇ, ਬੇਨਤੀ ਉੱਤੇ, ਢੁਕਵੇਂ ਸਹਾਇਕ ਸਾਧਨ ਅਤੇ ਸੇਵਾਵਾਂ ਪ੍ਰਦਾਨ ਕਰੇਗੀ, ਜਿਸ ਨਾਲ ਅਪੰਗਤਾਵਾਂ ਵਾਲੇ ਪਾਤਰ ਲੋਕਾਂ ਨਾਲ ਪ੍ਰਭਾਵੀ ਸੰਚਾਰ ਹੋਵੇਗਾ, ਇਸ ਤਰ੍ਹਾਂ ਉਹ VTA ਦੇ ਪ੍ਰੋਗਰਾਮਾਂ, ਸੇਵਾਵਾਂ ਅਤੇ ਸਰਗਰਮੀਆਂ ਵਿੱਚ ਸਮਾਨਤਾ ਨਾਲ ਭਾਗੀਦਾਰੀ ਕਰ ਸਕਦੇ ਹਨ, ਜਿਸ ਵਿੱਚ ਪਾਤਰ ਸਾਈਨ ਲੈਂਗਵੇਜ ਦੁਭਾਸ਼ੀਏ (ਅਜਿਹੇ ਵਿਅਕਤੀ ਜੋ ਕਹੀ ਗਈ ਗੱਲ ਨੰ ਇਸ਼ਾਰਿਆਂ ਨਾਲ ਸਮਝਾਉਂਦੇ ਹਨ), ਬਰੇਲ ਵਿੱਚ ਦਸਤਾਵੇਜ਼ ਸ਼ਾਮਲ ਹਨ, ਅਤੇ ਬੋਲਣ, ਸੁਣਨ, ਜਾਂ ਦ੍ਰਿਸ਼ਟੀ ਦੇ ਨੁਕਸਾਂ ਵਾਲੇ ਲੋਕਾਂ ਲਈ ਜਾਣਕਾਰੀ ਅਤੇ ਸੰਚਾਰਾਂ ਨੰ ਪਹੁੰਚਯੋਗ ਬਣਾਉਣ ਦੇ ਹੋਰ ਤਰੀਕੇ ਸ਼ਾਮਲ ਹੁੰਦੇ ਹਨ।

**ਨੀਤੀਆਂ ਅਤੇ ਕਾਰਜਵਿਧੀਆਂ ਵਿੱਚ ਸੰਸ਼ੋਧਣ:** VTA, ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਸਾਰੇ ਮੁਨਾਸਬ ਸੰਸ਼ੋਧਣ ਇਹ ਯਕੀਨੀ ਬਣਾਉਣ ਲਈ ਕਰੇਗੀ ਕਿ ਅਪੰਗਤਾਵਾਂ ਵਾਲੇ ਲੋਕਾਂ ਕੋਲ ਇਸਦੇ ਸਾਰੇ ਪ੍ਰੋਗਰਾਮਾਂ, ਸੇਵਾਵਾਂ, ਅਤੇ ਸਰਗਰਮੀਆਂ ਦਾ ਆਨੰਦ ਮਾਣਨ ਲਈ ਬਰਾਬਰ ਮੌਕਾ ਹੁੰਦਾ ਹੈ। ਉਦਾਹਰਣ ਲਈ, ਸਰਵਿਸ ਐਨੀਮਲਜ਼ ਰੱਖਣ ਵਾਲੇ ਵਿਅਕਤੀਆਂ ਦਾ VTA ਵਾਹਣਾਂ, ਪਰਿਵਹਿਣ ਸੁਵਿਧਾਵਾਂ, ਅਤੇ ਪ੍ਰਸ਼ਾਸਕੀ ਦਫ਼ਤਰਾਂ ਵਿੱਚ ਵੀ ਸਵਾਗਤ ਕੀਤਾ ਜਾਂਦਾ ਹੈ ਜਦੋਂ ਪਾਤਲ ਜਾਨਵਰਾਂ ਦੀ ਸਾਧਾਰਨ ਤੌਰ 'ਤੇ ਮਨਾਹੀ ਹੁੰਦੀ ਹੈ।
ਕੋਈ ਵਿਅਕਤੀ ਜਿਸ ਨੰ ਪ੍ਰਭਾਵੀ ਸੰਚਾਰ ਲਈ ਪ ਰਕ ਸਹਾਇਕ ਸਾਧਨ ਜਾਂ ਸੇਵਾ, ਜਾਂ VTA ਦੇ ਪ੍ਰੋਗਰਾਮ, ਸੇਵਾ, ਜਾਂ ਸਰਗਰਮੀ ਵਿੱਚ ਭਾਗੀਦਾਰੀ ਕਰਨ ਲਈ ਨੀਤੀਆਂ ਜਾਂ ਕਾਰਜਵਿਧੀਆਂ ਦੇ ਸੰਸ਼ੋਧਣ ਦੀ ਲੋੜ ਹੈ, ਉਸਨੰ ਇੱਥੇ ਸੰਪਰਕ ਕਰਨਾ ਚਾਹੀਦਾ ਹੈ:

ADA ਕੋਆਰਡੀਨੇਟਰ
Santa Clara Valley Transportation Authority
3331 North First Street, B1
San Jose, CA 95134
(408) 321-2300
www.vta.org

ਕਿਰਪਾ ਕਰਕੇ ADA ਕੋਆਰਡੀਨੇਟਰ ਦੇ ਨਾਲ ਜਿੰਨੀ ਛੇਤੀ ਸੰਭਵ ਹੋਵੇ, ਸੰਪਰਕ ਕਰੋ, ਪਰ ਨਿਰਧਾਰਤ ਘਟਨਾ ਤੋਂ ਪਹਿਲੇ 72 ਘੰਟਿਆਂ ਤੋਂ ਲੇਟ ਨਹੀਂ।

ADA ਨੂੰ ਕੋਈ ਕਾਰਵਾਈ ਕਰਨ ਲਈ VTA ਦੀ ਲੋੜ ਨਹੀਂ ਹੁੰਦੀ ਜੋ ਬੁਨਿਆਦੀ ਤੌਰ 'ਤੇ ਇਸਦੇ ਪ੍ਰੋਗਰਾਮ ਜਾਂ ਸੇਵਾਵਾਂ ਦੀ ਕਿਸਮ ਨੂੰ ਬਦਲ ਦਏਗੀ, ਜਾਂ ਅਣ-ਉਚਿਤ ਵਿੱਤੀ ਜਾਂ ਪ੍ਰਸ਼ਾਸਕੀ ਬੋਝ ਪਾਏਗੀ।

ਅਜਿਹੀਆਂ ਸ਼ਿਕਾਇਤਾਂ ਕਿ VTA ਦਾ ਕੋਈ ਪ੍ਰੋਗਰਾਮ, ਸੇਵਾ, ਜਾਂ ਸਰਗਰਮੀ ਅਪੰਗਤਾਵਾਂ ਵਾਲੇ ਵਿਅਕਤੀਆਂ ਲਈ ਪਹੁੰਚਯੋਗ ਨਹੀਂ ਹਨ, VTA ਦੇ ADA ਕੋਆਰਡੀਨੇਟਰ (ਸੰਪਰਕ ਜਾਣਕਾਰੀ ਉੱਪਰ ਹੈ) ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ।

VTA ਪੂਰਕ ਸਹਾਇਕ ਸਾਧਨਾਂ/ਸੇਵਾਵਾਂ ਦੀ ਲਾਗਤ ਨੂੰ ਪੂਰਾ ਕਰਨ ਲਈ ਜਾਂ ਨੀਤੀ ਦੇ ਮੁਨਾਸਬ ਸੰਸ਼ੋਧਣਾਂ ਲਈ ਅਪੰਗਤਾ ਵਾਲੇ ਕਿਸੇ ਵਿਸ਼ੇਸ਼ ਵਿਅਕਤੀ ਜਾਂ ਅਪੰਗਤਾਵਾਂ ਵਾਲੇ ਵਿਅਕਤੀਆਂ ਦੇ ਕਿਸੇ ਸਮੂਹ ਉੱਤੇ ਜੁਰਮਾਨਾ ਨਹੀਂ ਲਗਾਏਗੀ, ਜਿਵੇਂ ਕਿ ਅਜਿਹੀਆਂ ਥਾਂਵਾਂ ਤੋਂ ਵਸਤਾਂ ਮੁੜ-ਪ੍ਰਾਪਤ ਕਰਨਾ ਜੋ ਜਨਤਾ ਲਈ ਖੁੱਲ੍ਹੀਆਂ ਹਨ, ਪਰ ਪਹੀਏ ਵਾਲੀ ਕੁਰਸੀ ਵਰਤਣ ਵਾਲੇ ਲੋਕਾਂ ਲਈ ਪਹੁੰਚਯੋਗ ਨਹੀਂ ਹਨ।